

# Getting Your Child Tested For Lead



## LEAD IS HARMFUL

Lead poisoning can make it hard for your child to learn, pay attention, or behave and may cause long-term health problems. Children may not look or act sick. Having your child tested for lead is the only way to know if there is lead in your child's body.

## WHEN YOUR CHILD SHOULD BE TESTED FOR LEAD

A blood lead test is **required at one and two years old** if your child:

- Is in a program such as **Medi-Cal, WIC[1], or Head Start**.
- Lives in or spends a lot of time in a place built before 1978 that has peeling or chipped paint or that has been recently remodeled.

If these do not apply, ask your child's doctor about their risk of lead exposure. A blood lead test for lead is free for children enrolled in the programs listed above, and health insurance companies will also pay for the test.

## CHILDREN ARE AT A HIGHER RISK FOR LEAD EXPOSURE IF THEY:

- **Live** in a house or building built before 1978 or near a source of lead air emissions such as highways, industrial sites, general aviation airports, recycling sites.
- **Consume or come in contact with** certain foods, spices, traditional remedies, dishware or other products.
- **Spend time** outside the U.S.
- **Have a sibling with** an elevated blood lead level.
- **Have a family member who works with lead** such as construction or painting or has hobbies that involve lead such as stained glass, fishing, pottery, firearms, antiques.

For a list of lead sources, ask your doctor or visit: **go.cdph.ca.gov/LeadFreeKids**

[1]WIC is the Special Supplemental Nutrition Program for Women, Infants, and Children

## WHAT TO EXPECT: BLOOD LEAD TESTING FOR YOUR CHILD



1. The test may be done at your child's doctor's office or at a laboratory.
2. There are two methods of collecting blood for lead testing: capillary or venous. Capillary tests typically use blood taken from your child's finger. Venous tests use blood from a vein in your child's arm.
3. Depending on the result, your child's doctor may order additional tests. Follow-up blood lead tests must be venous.

i For more information visit **go.cdph.ca.gov/LeadFreeKids** or contact your local Childhood Lead Poisoning Prevention Program:

CDPH California Department of Public Health

10/2024

© 2024, California Department of Public Health



# ਆਪਣੇ ਬੱਚੇ ਦਾ ਸਿੱਕੇ ਲਈ ਟੈਸਟ ਕਰਵਾਉਣਾ



## ਸੀਸਾ (ਲੇਡ) ਨੁਕਸਾਨਦੇਹ ਹੈ

ਸਿੱਕੇ ਦਾ ਜ਼ਹਿਰ ਤੁਹਾਡੇ ਬੱਚੇ ਲਈ ਸਿੱਖਣਾ, ਧਿਆਨ ਦੇਣਾ ਜਾਂ ਵਿਹਾਰ ਕਰਨਾ ਔਖਾ ਬਣਾ ਸਕਦਾ ਹੈ ਅਤੇ ਲੰਬੇ ਸਮੇਂ ਲਈ ਸਿਹਤ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ। ਹੋ ਸਕਦਾ ਹੈ ਕਿ ਬੱਚੇ ਬਿਮਾਰ ਨਾ ਦਿਖਾਈ ਦੇਣ ਜਾਂ ਬਿਮਾਰਾਂ ਵਰਗਾ ਵਿਹਾਰ ਨਾ ਕਰਨ। ਤੁਹਾਡੇ ਬੱਚੇ ਦੇ ਸਰੀਰ ਵਿੱਚ ਸੀਸਾ (ਲੇਡ) ਹੈ ਜਾਂ ਨਹੀਂ, ਇਹ ਜਾਣਨ ਦਾ ਇੱਕੋ ਇੱਕ ਤਰੀਕਾ ਹੈ ਕਿ ਤੁਹਾਡੇ ਬੱਚੇ ਦਾ ਸਿੱਕੇ ਲਈ ਟੈਸਟ ਕਰਵਾਉਣਾ।

## ਤੁਹਾਡੇ ਬੱਚੇ ਦਾ ਸਿੱਕੇ ਲਈ ਟੈਸਟ ਕਦੋਂ ਕੀਤਾ ਜਾਣਾ ਚਾਹੀਦਾ ਹੈ

**ਇੱਕ ਅਤੇ ਦੋ ਸਾਲ ਦੀ ਉਮਰ ਵਿੱਚ** ਸਿੱਕੇ ਲਈ ਖ਼ੂਨ ਦੇ ਟੈਸਟ ਦੀ ਲੋੜ ਹੁੰਦੀ ਹੈ ਜੇਕਰ ਤੁਹਾਡਾ ਬੱਚਾ:

- **Medi-Cal, WIC**[1]**, ਜਾਂ ਹੈਡ ਸਟਾਰਟ** ਵਰਗੇ ਕਿਸੇ ਪ੍ਰੋਗਰਾਮ ਵਿੱਚ ਹੈ।
- 1978 ਤੋਂ ਪਹਿਲਾਂ ਬਣੀ ਅਜਿਹੀ ਜਗ੍ਹਾ ਵਿੱਚ ਰਹਿੰਦਾ ਹੈ ਜਾਂ ਬਹੁਤ ਸਾਰਾ ਸਮਾਂ ਬਿਤਾਉਂਦਾ ਹੈ ਜਿਸ ਵਿੱਚ ਪੇਂਟ ਉਤਰ ਜਾਂ ਭੁਰ ਰਿਹਾ ਹੈ ਜਾਂ ਜਿਸ ਨੂੰ ਹਾਲ ਹੀ ਰੀਮਾਡਲ ਗਿਆ ਹੈ।

ਜੇਕਰ ਇਹ ਸ਼ਰਤਾਂ ਲਾਗੂ ਨਹੀਂ ਹੁੰਦੀਆਂ, ਤਾਂ ਆਪਣੇ ਬੱਚੇ ਦੇ ਡਾਕਟਰ ਨੂੰ ਉਹਨਾਂ ਦੇ ਸਿੱਕੇ ਨਾਲ ਸੰਪਰਕ ਦੇ ਜੋਖਮ ਬਾਰੇ ਪੁੱਛੋ। ਉੱਪਰ ਸੂਚੀਬੱਧ ਪ੍ਰੋਗਰਾਮਾਂ ਵਿੱਚ ਦਾਖਲ ਬੱਚਿਆਂ ਲਈ ਸਿੱਕੇ ਲਈ ਖ਼ੂਨ ਦਾ ਟੈਸਟ ਮੁਫ਼ਤ ਹੈ, ਅਤੇ ਸਿਹਤ ਬੀਮਾ ਕੰਪਨੀਆਂ ਵੀ ਟੈਸਟ ਲਈ ਭੁਗਤਾਨ ਕਰਨਗੀਆਂ।

## ਬੱਚਿਆਂ ਨੂੰ ਸਿੱਕੇ ਦੇ ਸੰਪਰਕ ਵਿੱਚ ਆਉਣ ਦਾ ਵਧੇਰੇ ਜੋਖਮ ਹੁੰਦਾ ਹੈ ਜੇਕਰ ਉਹ:

- **1978 ਤੋਂ ਪਹਿਲਾਂ ਬਣੇ ਘਰ ਜਾਂ ਇਮਾਰਤ ਵਿੱਚ ਜਾਂ ਹਵਾ ਵਿੱਚ ਸਿੱਕੇ ਦੇ ਨਿਕਾਸ ਦੇ ਸਰੋਤ ਦੇ ਨੇੜੇ ਰਹਿੰਦੇ ਹਨ** ਜਿਵੇਂ ਕਿ ਹਾਈਵੇਅ, ਉਦਯੋਗਿਕ ਸਥਾਨ, ਆਮ ਹਵਾਈ ਅੱਡੇ, ਰੀਸਾਈਕਲਿੰਗ ਸਥਾਨ।
- ਕੁਝ ਖਾਸ ਭੋਜਨਾਂ, ਮਸਾਲਿਆਂ, ਪਰੰਪਰਾਗਤ ਉਪਚਾਰਾਂ, ਭਾਂਡਿਆਂ ਜਾਂ ਹੋਰ ਉਤਪਾਦਾਂ ਦਾ **ਸੇਵਨ ਕਰਦੇ ਹਨ ਜਾਂ ਉਹਨਾਂ ਦੇ ਸੰਪਰਕ ਵਿੱਚ ਆਉਂਦੇ ਹਨ।**
- ਅਮਰੀਕਾ ਤੋਂ ਬਾਹਰ **ਸਮਾਂ ਬਿਤਾਉਂਦੇ ਹਨ।**
- **ਉਹਨਾਂ ਦਾ ਅਜਿਹਾ ਭੈਣ/ਭਰਾ ਹੈ** ਜਿਸਦੇ ਖ਼ੂਨ ਵਿੱਚ ਸਿੱਕੇ ਦੇ ਵਧੇ ਹੋਏ ਪੱਧਰ ਹਨ।
- **ਉਹਨਾਂ ਦਾ ਪਰਿਵਾਰ ਦਾ ਕੋਈ ਅਜਿਹਾ ਮੈਂਬਰ ਹੈ ਜੋ ਸਿੱਕੇ ਨਾਲ ਕੰਮ ਕਰਦਾ ਹੈ** ਜਿਵੇਂ ਕਿ ਉਸਾਰੀ ਜਾਂ ਪੇਂਟਿੰਗ ਜਾਂ ਜਿਸ ਦੇ ਅਜਿਹੇ ਸ਼ੌਂਕ ਹਨ ਜਿਨ੍ਹਾਂ ਵਿੱਚ ਸੀਸਾ (ਲੇਡ) ਸ਼ਾਲ ਹੁੰਦਾ ਹੈ ਜਿਵੇਂ ਕਿ ਰੰਗੀਨ ਕੱਚ, ਮੱਛੀ ਫੜਨਾ, ਮਿੱਟੀ ਦੇ ਭਾਂਡੇ ਬਣਾਉਣਾ, ਗੋਲੀ ਚਲਾਉਣ ਵਾਲੇ ਹਥਿਆਰ, ਪੁਰਾਣੀਆਂ ਚੀਜ਼ਾਂ।

ਸਿੱਕੇ ਦੇ ਸਰੋਤਾਂ ਦੀ ਸੂਚੀ ਲਈ, ਆਪਣੇ ਡਾਕਟਰ ਨੂੰ ਪੁੱਛੋ ਜਾਂ ਇਸ ਵੈੱਬਸਾਈਟ 'ਤੇ ਜਾਓ:
**go.cdph.ca.gov/LeadFreeKids**

[1]WIC ਔਰਤਾਂ, ਨਵਜਾਤਾਂ ਅਤੇ ਬੱਚਿਆਂ ਲਈ ਸਪੈਸ਼ਲ ਸਪਲੀਮੈਂਟਲ ਨਿਊਟ੍ਰਿਸ਼ਨ ਪ੍ਰੋਗਰਾਮ ਹੈ

## ਕੀ ਉਮੀਦ ਕਰਨੀ ਹੈ: ਤੁਹਾਡੇ ਬੱਚੇ ਲਈ ਸਿੱਕੇ ਲਈ ਖ਼ੂਨ ਦਾ ਟੈਸਟ



1. ਇਹ ਟੈਸਟ ਤੁਹਾਡੇ ਬੱਚੇ ਦੇ ਡਾਕਟਰ ਦੇ ਦਫ਼ਤਰ ਜਾਂ ਲੈਬੋਰਟਰੀ ਵਿੱਚ ਕੀਤਾ ਜਾ ਸਕਦਾ ਹੈ।
2. ਸਿੱਕੇ ਵਾਸਤੇ ਟੈਸਟ ਲਈ ਖ਼ੂਨ ਇਕੱਤਰ ਕਰਨ ਦੇ ਦੋ ਤਰੀਕੇ ਹਨ: ਕੈਪਿਲਰੀ ਜਾਂ ਨਾੜੀ। ਕੈਪੀਲਰੀ ਟੈਸਟਾਂ ਵਿੱਚ ਆਮ ਤੌਰ 'ਤੇ ਤੁਹਾਡੇ ਬੱਚੇ ਦੀ ਉਂਗਲ ਤੋਂ ਲਏ ਗਏ ਖ਼ੂਨ ਦੀ ਵਰਤੋਂ ਕੀਤੀ ਜਾਂਦੀ ਹੈ। ਨਾੜੀ ਟੈਸਟਾਂ ਵਿੱਚ ਤੁਹਾਡੇ ਬੱਚੇ ਦੀ ਬਾਂਹ ਵਿੱਚ ਇੱਕ ਨਾੜੀ ਤੋਂ ਖ਼ੂਨ ਦੀ ਵਰਤੋਂ ਕੀਤੀ ਜਾਂਦੀ ਹੈ।
3. ਨਤੀਜੇ 'ਤੇ ਨਿਰਭਰ ਕਰਦਿਆਂ, ਤੁਹਾਡੇ ਬੱਚੇ ਦੇ ਡਾਕਟਰ ਵਾਧੂ ਟੈਸਟਾਂ ਦੇ ਆਦੇਸ਼ ਦੇ ਸਕਦੇ ਹਨ। ਫਾਲੋ-ਅਪ ਖ਼ੂਨ ਦੇ ਸਿੱਕੇ ਲਈ ਟੈਸਟ ਨਾੜੀ ਵਾਲੇ ਹੋਣੇ ਲਾਜ਼ਮੀ ਹਨ।

i ਹੋਰ ਜਾਣਕਾਰੀ ਲਈ **go.cdph.ca.gov/LeadFreeKids** 'ਤੇ ਜਾਓ ਜਾਂ ਆਪਣੇ ਸਥਾਨਕ ਚਾਈਲਡਹੁੱਡ ਲੇਡ ਪੋਇਜ਼ਨਿੰਗ ਪ੍ਰੀਵੈਨਸ਼ਨ ਪ੍ਰੋਗਰਾਮ (ਬਚਪਨ ਵਿੱਚ ਸਿੱਕੇ ਦੇ ਜ਼ਹਿਰ ਤੋਂ ਰੋਕਥਾਮ ਪ੍ਰੋਗਰਾਮ) ਨਾਲ ਸੰਪਰਕ ਕਰੋ:

CDPH
California Department of Public Health

(Punjabi) 10/2024

© 2024, California Department of Public Health